a2zpapers.com

Exam. Code : 103202
Subject Code : 1002

**B.A./B.Sc. Semester—II**

**PUNJABI COMPULSORY**

Time Allowed—3 Hours] [Maximum Marks—50

1. ਕਿਸੇ **ਇੱਕ** ਕਹਾਣੀ ਦਾ ਸਾਰ ਲਿਖੋ :
   - ਪੇਮੀ ਦੇ ਨਿਆਣੇ
   - ਦੂਜੀ ਵਾਰ ਜੇਬ ਕੱਟੀ ਗਈ 10

2. ਕਿਸੇ **ਇੱਕ** ਰੇਖਾਚਿੱਤਰ ਦਾ ਸਾਰ ਲਿਖੋ :
   - ਸਤੀਸ਼ ਗੁਜਰਾਲ
   - ਬਲਰਾਜ ਸਾਹਨੀ 10

3. ਕਿਸੇ **ਇੱਕ** ਤੇ ਨੋਟ ਲਿਖੋ :
   - ਸ਼ਬਦ ਬਣਤਰ ਤੇ ਸ਼ਬਦ ਰਚਨਾ
   - ਸ਼ਬਦ ਸ਼੍ਰੇਣੀਆਂ 10

4. ਕਿਸੇ **ਇੱਕ** ਵਿਸ਼ੇ ਤੇ ਪੈਰ੍ਹਾ ਰਚਨਾ ਕਰੋ :
   - ਖੇਤੀ ਸੰਕਟ
   - ਵਧਦੀਆਂ ਫੀਸਾਂ
   - ਫ਼ੇਸਬੁੱਕ 5



a2zpapers.com
www.a2zpapers.com
We provide GNDU question papers, PTU question papers, PU question paper

a2zpapers.com

5. ਹੇਠ ਲਿਖਿਆ ਪੈਰ੍ਹਾ ਪੜ੍ਹਕੇ ਪ੍ਰਸ਼ਨਾਂ ਦੇ ਉੱਤਰ ਦਿਉ : 5

ਜਦੋਂ ਪੰਜਾਬ ਵਿੱਚ ਟਰੈਕਟਰ ਆਇਆ ਤਾਂ ਬਹੁਤ ਸਾਰੇ ਮੁੰਡਿਆਂ ਨੇ ਪੜ੍ਹਾਈ ਛੱਡਕੇ ਖੇਤੀਬਾੜੀ ਸ਼ੁਰੂ ਕਰ ਦਿੱਤੀ। ਜਦੋਂ ਪੰਜਾਬ ਵਿੱਚ ਟੈਲੀਵਿਜ਼ਨ ਆਇਆ ਤਾਂ ਬਹੁਤ ਸਾਰੇ ਮੁੰਡੇ ਫਿਲਮਾਂ ਦੇਖਣ ਦੇ ਸ਼ੌਂਕ ਵਿੱਚ ਪੜ੍ਹਾਈ ਵਿੱਚ ਪਛੜ ਗਏ। ਹੁਣ ਜਦੋਂ ਮੋਬਾਈਲ, ਵਟਸ ਅੱਪ, ਫ਼ੇਸਬੁੱਕ ਤੇ ਯੂਟਿਊਬ ਵਰਗੀਆਂ ਚੀਜਾਂ ਆ ਗਈਆਂ ਹਨ ਤਾਂ ਬਹੁਤ ਸਾਰੇ ਮੁੰਡੇ-ਕੁੜੀਆਂ ਇਨ੍ਹਾਂ ਦੇ ਪਿੱਛੇ ਹੱਥ ਧੋ ਕੇ ਪੈ ਗਏ ਹਨ। ਬਹੁਤ ਸਾਰੇ ਇਨ੍ਹਾਂ ਕਾਰਨ ਪੜ੍ਹਾਈ ਵਿੱਚ ਪਛੜ ਜਾਣਗੇ। ਇਨ੍ਹਾਂ ਵਿੱਚੋਂ ਕੋਈ ਵੀ ਚੀਜ਼ ਮਾੜੀ ਨਹੀਂ ਹੈ ਪਰ ਹਰ ਚੀਜ਼ ਦੀ ਵਰਤੋਂ ਸੰਜ਼ਮ ਨਾਲ ਹੀ ਕਰਨੀ ਚਾਹੀਦੀ ਹੈ।

(ੳ) ਟਰੈਕਟਰ ਨੇ ਨੌਜਵਾਨ ਪੀੜ੍ਹੀ ਤੇ ਕੀ ਪ੍ਰਭਾਵ ਪਾਇਆ ?

(ਅ) ਟੈਲੀਵਿਜ਼ਨ ਨੇ ਕੀ ਪ੍ਰਭਾਵ ਪਾਇਆ ?

(ੲ) ਕਿਹੜੀਆਂ ਚੀਜਾਂ ਮਾੜੀਆਂ ਨਹੀਂ ਹਨ ?

(ਸ) ਕਿਸੇ ਚੀਜ਼ ਦੀ ਵਰਤੋਂ ਕਿਵੇਂ ਕਰਨੀ ਚਾਹੀਦੀ ਹੈ ?

a2zpapers.com

(ਹ) ਪੈਰ੍ਹੇ ਨੂੰ ਢੁੱਕਵਾਂ ਸਿਰਲੇਖ ਦਿਉ।

6. ਕੋਈ **ਪੰਜ** ਮੁਹਾਵਰੇ ਤੇ **ਪੰਜ** ਅਖਾਣ ਕਰੋ : 5+5=10

- ਇੱਟ ਨਾਲ ਇੱਟ ਖੜਕਾਉਣੀ, ਸਾਹ ਗਿਣਨੇ, ਦਮ ਚੜ੍ਹਨਾ, ਅੱਖਾਂ ਦਾ ਤਾਰਾ, ਤਾਰੇ ਦਿਖਾਉਣੇ, ਸਾਹ ਨਿਕਲਣਾ, ਦਿਲ ਆ ਜਾਣਾ, ਅੱਖ ਲੱਗਣੀ।
- ਉਹ ਦਿਨ ਡੁੱਬਾ ਜਦ ਘੋੜੀ ਚੜ੍ਹਿਆ ਕੁੱਬਾ, ਨਾਲੇ ਗਧੀ ਖੇਤ ਖਾ ਗਈ ਨਾਲੇ ਮਾਰੇ ਟੀਟਣੇ, ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ, ਘੁਮਾਰੀ ਆਪਣੇ ਭਾਂਡੇ ਨੂੰ ਸਰਾਉਂਦੀ ਹੁੰਦੀ ਹੈ, ਸੌ ਸੁਨਿਆਰ ਦੀ ਇੱਕ ਲੁਹਾਰ ਦੀ, ਸੌ ਹੱਥ ਰੱਸਾ ਸਿਰੇ ਤੇ ਗੰਢ, ਝਾੜ੍ਹਿਆਂ ਦੇ ਆਖੇ ਬੱਦਲ ਨਹੀਂ ਵਰ੍ਹਦੇ, ਆਪਣੀ ਅਕਲ ਤੇ ਦੂਜੇ ਦਾ ਪੈਸਾ ਵੱਧ ਲੱਗਦਾ ਹੁੰਦਾ।



a2zpapers.com
www.a2zpapers.com
We provide GNDU question papers, PTU question papers, PU question pape